ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਭਾਰਤੀ ਸ਼ਾਸ਼ਤ੍ਰੀ ਸੰਗੀਤ ਅਤੇ ਗੁਰਮਤਿ-ਸੰਗੀਤ ਦੇ ਸੰਰੱਖਿਅਕ



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

"ਹਮਾਰੇ ਪਿਤਾ ਜੀ ਹਮੇਸ਼ਾ ਕਹਤੇ ਥੇ ਕਿ ਸ਼ਾਸ਼ਤ੍ਰੀ ਸੰਗੀਤ ਕੀ ਸੇਵਾ ਹਰ ਇਨਸਾਨ ਨਹੀਂ ਕਰ ਸਕਤਾ । ਇਸੇ ਕਰਨੇ ਵਾਲਾ ਬਾਦਸ਼ਾਹ ਹੋ ਯਾ ਫਕੀਰ ਹੋ । ਸਤਿਗੁਰੂ ਜਗਜੀਤ ਸਿੰਘ ਜੀ ਬਾਦਸ਼ਾਹ ਭੀ ਹੈਂ ਔਰ ਫਕੀਰ ਭੀ । ਆਪ ਏਕ ਐਸੀ ਰੋਸ਼ਨੀ ਹੈਂ ਜੋ ਪੂਰੇ ਹਿੰਦੋਸਤਾਨ ਕੋ ਰਾਸਤਾ ਦਿਖਾ ਰਹੇ ਹੈਂ ਕਿ ਸ਼ਾਸ਼ਤ੍ਰੀ ਸੰਗੀਤ ਕਿਆ ਹੈ ? ਇਸਕੀ ਕੈਸੀ ਉਪਾਸਨਾ ਕਰਨੀ ਚਾਹੀਏ ।" (ਉਸਤਾਦ ਅਮਜਦ ਅਲੀ ਖਾਨ)

ਸਰੋਦ ਸਮਰਾਟ, ਸਰੋਦਘਰ ਗਵਾਲੀਅਰ, 04-11-1999.

"ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਗੀਤ ਕੇ ਲੀਏ ਜੋ ਕੀਆ ਹੈ ਵੋਹ ਕੋਈ ਸੰਗੀਤ ਉਸਤਾਦ ਭੀ ਨਹੀਂ ਕਰ ਸਕਤਾ । ਐਸੇ ਸਮੇਂ ਮੇਂ ਆਪ ਜੈਸਾ ਮਹਾਨ ਗੁਰੂ ਹੋਨਾ ਬਹੁਤ ਮੁਸ਼ਕਿਲ ਬਾਤ ਹੈ । ਆਪ ਕੇ ਮਸ਼ਤਸ਼ ਮੇਂ ਚੌਬੀਸੋਂ ਘੰਟੇ ਸੰਗੀਤ ਚਲਤਾ ਰਹਿਤਾ ਹੈ ।" (ਪੰਡਿਤ ਸਾਜਨ ਮਿਸ਼ਰਾ)

Namdhari Elibrary NamdhariElibrary@gmail.com

ਭਾਰਤੀ ਸ਼ਾਸ਼ਤ੍ਰੀ ਸੰਗੀਤ ਅਤੇ ਗੁਰਮਤਿ ਸੰਗੀਤ ਦੇ ਸੰਰੱਖਿਅਕ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਇਕ ਸਮਰੱਥ ਅਧਿਆਤਮਕ ਰਹਿਨੁਮਾ ਹਨ ਜੋ ਅੱਧੀ ਸਦੀ ਤੋਂ ਵੱਧ ਸਮੇਂ ਤੋਂ ਨਾਮਧਾਰੀ ਸਿੱਖ ਸਮਾਜ ਦੀ ਅਗਵਾਈ ਕਰ ਰਹੇ ਹਨ । ਆਪ ਜੀ ਦੀ ਸੁਯੋਗ ਛਤਰ-ਛਾਇਆ ਹੇਠ ਨਾਮਧਾਰੀ-ਸਿੱਖਾਂ ਵਿੱਚ ਸ਼ੁੱਧ ਭਾਰਤੀ ਸੰਸਕ੍ਰਿਤੀ, ਸਿੱਖੀ ਸਰੂਪ ਅਤੇ ਸਭਿਆਚਾਰ ਸੁਰੱਖਿਅਤ ਹੈ । ਸਿੱਖ ਸਮਾਜ, ਜਿਸਦਾ ਜਨਮ ਹੀ ਰਬਾਬ ਦੇ ਮਧੁਰ ਅਲਾਪ ਤੋਂ ਹੋਇਆ ਅਤੇ ਆਦਿ ਜੁਗਾਦੀ ਸੱਚ (ਗੁਰਬਾਣੀ) ਜਿਸਦਾ ਰਾਹ ਦਸੇਰਾ ਹੈ । ਸਤਿਗੁਰੂ ਨਾਨਕ ਦੇਵ ਜੀ ਦੀ ਬਖ਼ਸ਼ੀ ਰਾਗ ਨਾਦ ਦੀ ਧਰੋਹਰ ਦਾ ਸਤਿਗੁਰੂ ਜਗਜੀਤ ਸਿੰਘ ਜੀ ਨੇ ਵਿਸ਼ਵ ਭਰ ਵਿੱਚ ਪ੍ਰਚਾਰ ਪ੍ਰਸਾਰ ਕੀਤਾ ਹੈ ।

ਆਪ ਜੀ ਨੂੰ ਸੰਗੀਤ ਦੀ ਅਮੋਲਕ ਦਾਤ ਆਪਣੇ ਪਿਤਾ ਗੁਰੂ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਵਿਰਸੇ ਵਿੱਚ ਹੀ ਮਿਲੀ । ਸਤਿਗੁਰੂ ਪ੍ਰਤਾਪ ਸਿੰਘ ਜੀ, ਜੋ ਫਰਮਾਇਆ ਕਰਦੇ ਸਨ ਕਿ ਹਰ ਸਿੱਖ ਦੇ ਬੱਚੇ 'ਚੋਂ ਰਾਗ ਦੀ ਕੁਝ ਖ਼ੁਸ਼ਬੂ ਜ਼ਰੂਰ ਆਉਣੀ ਚਾਹੀਦੀ ਹੈ । ਸਤਿਗੁਰੂ ਪ੍ਰਤਾਪ ਸਿੰਘ ਜੀ ਆਪ ਵੀ ਸੰਗੀਤ ਦੇ ਮਹਾਨ ਗਿਆਤਾ ਅਤੇ ਰਸੀਏ ਸਨ। ਆਪ ਜੀ ਨੇ 1933 ਈ. ਵਿੱਚ ਸ੍ਰੀ ਭੈਣੀ ਸਹਿਬ ਵਿਖੇ ਇੱਕ ਮਹਾਨ ਗੁਰਮਤਿ ਸੰਗੀਤ ਸੰਮੇਲਨ ਕਰਵਾਇਆ ਜਿਸ ਵਿੱਚ ਕੇਵਲ ਤੰਤੀ ਸਾਜਾਂ ਨਾਲ ਸ਼ਬਦ ਧਰੁਪਦ ਅੰਗ ਵਿੱਚ ਹੀ ਗਾਏ ਗਏ । ਉਸ ਸਮੇਂ ਦੇ ਸਿੱਖ ਸਮਾਜ ਦੇ ਸਾਰੇ ਰਾਗੀਆਂ ਰਬਾਬੀਆਂ ਨੇ ਭਾਗ ਲਿਆ। ਇਹ ਸੰਗੀਤ ਸੰਮੇਲਨ ਇੱਕ ਸੰਗੀਤ ਮੁਕਾਬਲਾ ਵੀ ਸੀ। ਮਹਾਨ ਵਿਦਵਾਨ ਭਾਈ ਕਾਨ ਸਿੰਘ ਨਾਭਾ, ਸ. ਮੁਕੰਦ ਸਿੰਘ ਅੰਬਾਲਾ, ਸੰਤ ਹੀਰਾ ਸਿੰਘ ਅਤੇ ਬਾਬਾ ਨਿਹਾਲ ਸਿੰਘ ਜੀ ਇਸ ਸੰਗੀਤ ਸੰਮੇਲਨ ਦੇ ਜੱਜ ਸਨ । ਦੇਸ਼ ਦੀ ਵੰਡ ਤੋਂ ਪਹਿਲੋਂ ਆਪ ਨੇ ਉਸ ਸਮੇਂ ਦੇ ਪ੍ਰਮੁੱਖ 42 ਰਬਾਬੀਆਂ ਨੂੰ ਸ੍ਰੀ ਭੈਣੀ ਸਹਿਬ ਬੁਲਾ ਕੇ ਸੁਣਿਆ ਤੇ ਉਹਨਾਂ ਪਾਸੋਂ ਪੁਰਾਤਨ ਰਬਾਬੀ ਗੀਤਾਂ ਨੂੰ ਸੰਭਾਲਿਆ ਜੋ ਅੱਜ ਨਾਮਧਾਰੀ ਸਮਾਜ ਵਿੱਚ ਸੁਰੱਖਿਅਤ ਹਨ ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਸਾਹਿਬਜ਼ਾਦਿਆਂ ਨੂੰ ਗੁੜਤੀ ਹੀ ਸੰਗੀਤ ਦੀ ਦਿੱਤੀ । ਸਾਢੇ ਚਾਰ ਸਾਲ ਦੀ ਉਮਰ ਵਿੱਚ ਆਪਣੇ ਵੱਡੇ ਸਾਹਿਬਜ਼ਾਦੇ (ਸਤਿਗੁਰੂ ਜਗਜੀਤ ਸਿੰਘ ਜੀ) ਨੂੰ ਪ੍ਰਸਿੱਧ ਸੰਗੀਤਾਚਾਰੀਯ ਭਾਈ ਹਰਨਾਮ ਸਿੰਘ ਜੀ ਚਵਿੰਡੇ ਵਾਲਿਆਂ ਤੋਂ ਸੰਗੀਤ ਸਿਖਿਆ ਆਰੰਭ ਕਰਵਾਈ । ਸ੍ਰੀ ਭੈਣੀ ਸਾਹਿਬ ਗੁਰਮਤਿ ਵਿਦਿਆਲੇ ਵਿੱਚ, ਜਿਥੇ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਆਪਦੇ ਛੋਟੇ ਭਾਈ ਮਹਾਰਾਜ ਬੀਰ ਸਿੰਘ ਜੀ ਵੀ ਵਿਦਿਆਰਥੀ ਸਨ, ਰੋਜ਼ਾਨਾ ਸਵੇਰੇ 4 ਤੋਂ 7 ਵਜੇ ਤਕ ਅਤੇ ਸ਼ਾਮ ਨੂੰ 5 ਤੋਂ 8 ਵਜੇ ਤਕ ਕੇਵਲ ਸੰਗੀਤ ਸਿਖਿਆ ਵਾਸਤੇ ਰਾਖਵੇਂ ਸਨ। ਤਲਵੰਡੀ ਘਰਾਣੇ ਦੇ ਕਲਾਵੰਤ ਉਸਤਾਦ ਊਧੋ ਖਾਂ ਸਾਹਿਬ ਅਤੇ ਉਹਨਾਂ ਦੇ ਸਪੁੱਤਰ ਉਸਤਾਦ ਰਹੀਮ ਬਖ਼ਸ਼ ਸ਼ਾਸ਼ਤਰੀ ਸੰਗੀਤ ਦੀ ਸਿਖਿਆ ਲਈ ਨਿਯੁਕਤ ਕੀਤੇ ਗਏ । ਸਮੇਂ ਸਮੇਂ ਪ੍ਰਮੁੱਖ ਸਮਕਾਲੀ ਰਾਗੀ, ਰਬਾਬੀਆਂ ਨੂੰ ਸੀਨੇ-ਬ-ਸੀਨੇ ਚੱਲੀਆਂ ਆਉਂਦੀਆਂ ਪੁਰਾਤਨ ਬੰਦਿਸ਼ਾਂ ਨੂੰ ਸਿਖਾਉਣ ਵਾਸਤੇ ਬੁਲਾਇਆ ਜਾਦਾ । ਇਸ ਕਾਰਜ ਵਾਸਤੇ ਪ੍ਰਸਿੱਧ ਰਬਾਬੀ ਭਾਈ ਤਾਬਾ ਜੀ ਅਤੇ ਭਾਈ ਨਸੀਰ ਜੀ ਹਰ ਮਹੀਨੇ ਅੰਮ੍ਰਿਤਸਰੋਂ ਸ੍ਰੀ ਭੈਣੀ ਸਾਹਿਬ ਆ ਕੇ ਕੁਝ ਦਿਨ ਲਗਾਉਂਦੇ।

ਦਿਲਰੁਬਾ ਦੀ ਸਿਖਿਆ ਆਪ ਜੀ ਨੇ ਪਟਿਆਲਾ ਘਰਾਣੇ ਦੇ ਪ੍ਰਸਿੱਧ ਵਜੰਤਰੀ ਭਾਈ ਗੱਜਾ ਸਿੰਘ ਜੀ ਦੇ ਸ਼ਗਿਰਦ ਭਾਈ ਜੀਵਨ ਸਿੰਘ ਪਟਿਆਲੇ ਵਾਲਿਆਂ ਤੋਂ ਪ੍ਰਪਾਤ ਕੀਤੀ। ਭਾਈ ਜੀਵਨ ਸਿੰਘ ਦਿਲਰੁਬਾ ਦੇ ਏਨੇ ਪਬੀਨ ਵਜੰਤਰੀ ਸਨ ਕਿ ਦਿਲਰੁਬਾ ਵਜਾਉਦੇ ਵਜਾਉਦੇ ਆਪ ਵੀ ਮਸਤ ਹੋ ਜਾਦੇ ਅਤੇ ਮੰਤਰ ਮੁਗਧ ਹੋਏ ਸਰੋਤੇ ਵੀ ਆਪਾ ਭੁੱਲ ਜਾਦੇ। ਅਜਿਹੀ ਪ੍ਰਬੀਨਤਾ ਕਰਕੇ ਹੀ ਭਾਈ ਜੀਵਨ ਸਿੰਘ ਜੀ ਭਾਈ ਮਸਤਾਨ ਸਿੰਘ ਦੇ ਨਾਮ ਨਾਲ ਪ੍ਰਸਿੱਧ ਹੋਏ । ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵੀ ਜੀਵਨ ਭਰ ਦਾ ਸੰਗ੍ਰਿਹ ਕੀਤਾ ਸੰਗੀਤ ਖਜਾਨਾ ਆਪਣੇ ਭਵਿੱਖ ਦੇ ਵਾਰਸ ਵੱਡੇ ਬਾਬਾ ਜੀ (ਸਤਿਗੁਰੂ ਜਗਜੀਤ ਸਿੰਘ ਜੀ) ਨੂੰ ਬਖ਼ਸ਼ ਕੇ ਪਰੀਪੂਰਨ ਕਰ ਦਿੱਤਾ ।

Namdhari Elibrary NamdhariElibrary@gmail.com

ਬਾਜੈ ਪਰਮ ਤਾਰ ਤਤ ਹਰਿ ਕੋ
ਉਪਜੈ ਰਾਗ ਰਸਾਰੰ

ਅਗਸਤ 1959 ਈ. ਵਿੱਚ ਇਸ ਰਾਜਜੋਗ ਗੁਰਗੱਦੀ ਤੇ ਸੁਭਾਇਮਾਨ ਹੋਣ ਉਪਰੰਤ ਆਪ ਜੀ ਨੇ ਜਿੱਥੇ ਸਮਾਜ ਕਲਿਆਣ, ਭਾਈ-ਚਾਰਕ ਸਦਭਾਵਨਾ ਅਤੇ ਭਾਰਤੀ ਸੰਸਕ੍ਰਿਤੀ ਦੀਆਂ ਉਚੀਆਂ ਸੁੱਚੀਆਂ ਕਦਰਾਂ ਕੀਮਤਾਂ ਨੂੰ ਸੰਭਾਲਣ ਲਈ ਮਹਾਨ ਕਾਰਜ ਕੀਤੇ, ਉਥੇ ਭਾਰਤੀ ਸ਼ਾਸ਼ਤ੍ਰੀ ਸੰਗੀਤ ਅਤੇ ਗੁਰਮਤਿ ਸੰਗੀਤ ਤੇ ਪ੍ਰਚਾਰ ਪ੍ਰਸਾਰ ਅਤੇ ਵਿਕਾਸ ਲਈ ਅਨੇਕਾਂ ਮੀਲ ਪੱਥਰ ਸਥਾਪਿਤ ਕੀਤੇ ।

ਨੌਜਵਾਨਾਂ ਦੇ ਭਵਿੱਖ ਨੂੰ ਤਰਤੀਬਣ, ਤਰਸ਼ਾਣ ਅਤੇ ਪੱਛਮੀ ਸਭਿਅਤਾ ਦੇ ਦੂਰ ਪ੍ਰਭਾਵਾਂ ਤੋ ਬਚਾਉਣ ਲਈ ਆਪ ਜੀ ਨੇ 1965 ਈ. ਵਿੱਚ ਨਾਮਧਾਰੀ ਵਿਦਿਅਕ ਜੱਥੇ ਦੀ ਸਥਾਪਨਾ ਕਰਕੇ ਨੌਜਵਾਨ ਪੀੜੀ ਨੂੰ ਆਪਣੇ ਸੰਪਰਕ ਵਿੱਚ ਲੈ ਆਦਾਂ ਅਤੇ ਸੰਗੀਤ ਸਿਖਿਆ ਲਈ ਪ੍ਰੇਰਿਆ । ਸੰਗੀਤ ਇੱਕ ਮਾਧਿਅਮ ਬਣ ਗਿਆ ਸਤਿਗੁਰੂ ਜੀ ਨਾਲ ਨੇੜਤਾ ਦਾ। ਉਸ ਵਕਤ ਦੇ ਪ੍ਰਸਿੱਧ ਸੰਗੀਤਾਚਾਰੀਯ ਪੰਡਿਤ ਮਹਾਂਦੇਵ ਪ੍ਰਸ਼ਾਦ ਕੱਥਕ ਅਤੇ ਉਹਨਾਂ ਦੇ ਪਰਿਵਾਰ ਨੂੰ ਨੌਜਵਾਨਾਂ ਦੀ ਸੰਗੀਤ ਸਿਖਿਆ ਲਈ ਆਪਣੇ ਪਾਸ ਲੈ ਆਂਦਾ। ਪੰਜਾਬ ਘਰਾਣੇ ਦੇ ਪ੍ਰਸਿੱਧ ਪਖਾਵਜੀ, ਮੀਆਂ ਕਾਦਰ ਬਖ਼ਸ਼ ਦੀ ਸ਼ੈਲੀ ਦੇ ਪਾਂਰੰਗਤ ਭਾਈ ਨਿਹਾਲ ਸਿੰਘ ਪਖਾਵਜੀ ਅਤੇ ਆਪਣੇ ਇੱਕ ਸਹਿਪਾਠੀ ਭਾਈ ਤਾਰਾ ਸਿੰਘ ਤਰਨਤਾਰਨੀ ਨੂੰ ਸੰਗੀਤ ਸਿਖਿਆ ਵਾਸਤੇ ਨਾਮਜ਼ਦ ਕੀਤਾ ।ਪ੍ਰਸਿੱਧ ਠੁਮਰੀ ਗਾਇਕ ਪਦਮ ਸ੍ਰੀ ਉਸਤਾਦ ਮਹਿੰਦਰ ਸਿੰਘ ਅਤੇ ਤਾਰ ਸ਼ਹਿਨਾਈ ਵਾਦਕ ਉਸਤਾਦ ਪਿਆਰਾ ਸਿੰਘ ਜੀ ਦੀਆਂ ਸੰਗੀਤ ਸੇਵਾਵਾਂ ਵੀ ਸੰਗੀਤ ਦੇ ਪ੍ਰਸਾਰ ਲਈ ਪ੍ਰਾਪਤ ਕੀਤੀਆਂ ।

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸੰਗੀਤ-ਵਿੱਦਿਆ ਦੇ ਉਸਤਾਦ-ਸਹਿਬਾਨ

ਉਸਤਾਦ ਭਾਈ ਹਰਨਾਮ ਸਿੰਘ ਜੀ

ਉਸਤਾਦ ਭਾਈ ਮਸਤਾਨ ਸਿੰਘ ਜੀ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਉਸਤਾਦ ਭਾਈ ਊਧੋ ਖਾਨ ਜੀ

ਉਸਤਾਦ ਭਾਈ ਤਾਬਾ ਜੀ ਰਬਾਬੀ

ਸੰਗੀਤ ਪ੍ਰਤੀ ਆਪਜੀ ਦੀ ਇਸ ਵਿਲੱਖਣ ਪਹੁੰਚ ਨੇ ਹੀ ਭਾਰਤ ਦੇ ਸੰਗੀਤ ਉਸਤਾਦਾਂ ਨੂੰ ਆਪ ਜੀ ਦੇ ਪ੍ਰਭਾ ਮੰਡਲ ਦੇ ਘੇਰੇ ਵਿੱਚ ਲੈ ਆਂਦਾ ਅਤੇ ਫਿਰ ਸਿਲਸਿਲਾ ਸ਼ੁਰੂ ਹੋਇਆ ਸਤਿਗੁਰੂ ਪ੍ਰਤਾਪ ਸਿੰਘ ਸੰਗੀਤ ਸੰਮੇਲਨਾਂ ਦਾ, ਜਿਨਾਂ ਦਾ ਖਰਚ ਖੇਚਲ ਆਪ ਕਰਕੇ ਸੰਗੀਤ ਪ੍ਰੇਮੀਆਂ ਨੂੰ ਬਿਨਾਂ ਕਿਸੇ ਖਰਚੇ ਤੋਂ ਵੱਡੇ ਵੱਡੇ ਸੰਗੀਤਕਾਰਾਂ ਨੂੰ ਵਧੀਆ ਆਡੀਟੋਰੀਅਮਾਂ ਵਿੱਚ ਸੁਣਨ ਦਾ ਅਵਸਰ ਪ੍ਰਾਪਤ ਹੁੰਦਾ ਰਿਹਾ। ਬਨਾਰਸ ਇੱਕ ਸੰਗੀਤ ਸਭਾ ਵਿੱਚ ਬਨਾਰਸ ਘਰਾਣੇ ਦੇ ਪ੍ਰਸਿੱਧ ਤਬਲਾ ਵਾਦਕ ਪੰਡਿਤ ਕ੍ਰਿਸ਼ਨ ਮਹਾਰਾਜ ਨੇ ਆਖਿਆ ਕਿ " ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸ਼ਾਸ਼ਤਰੀ ਸੰਗੀਤ ਕੇ ਵਿਦਵਾਨ ਹੀ ਨਹੀਂ ਏਵਮ ਇਸਕੇ ਮਰਮੱਘਯ ਔਰ ਸੰਰੱਖਿਅਕ ਭੀ ਹੈਂ। ਪੱਚੀਸ ਉਸਤਾਦੋਂ ਕੇ ਪਾਸ ਇਨੋਂ ਨੇ ਆਪਨੇ ਬੱਚੇ ਸੰਗੀਤ ਸ਼ਿਕਸ਼ਾ ਕੇ ਲੀਏ ਭੇਜੇ ਹੈਂ ।"

ਸੰਨ 1980 ਈ. ਵਿੱਚ ਔਰੰਗਾਬਾਦ ਦੇ ਸੰਗੀਤ ਸੰਮੇਲਨ ਸਮੇਂ ਉਸਤਾਦ ਅਮਜ਼ਦ ਅਲੀ ਖਾਂ ਸਾਹਿਬ ਨੇ ਆਖਿਆ ਕਿ

Namdhari Elibrary NamdhariElibrary@gmail.com

ਸਤਿਗੁਰੂ ਜੀ ਮਾਰਗ ਦਰਸ਼ਨ ਕਰ ਰਹੇ ਹੈਂ ਸੰਗੀਤ ਕਾ, ਵੋਹ ਸਭ ਧਰੁਪਦ ਧਮਾਰ ਬੁਹਤ ਪੁਰਾਣੀ ਚੀਜੇਂ ਕੁਛ ਨਏਂ ਤਾਲ ਕੰਪੋਜ਼ ਕਰ ਰਹੇਂ ਹੈਂ ਜੋ ਹਮ ਲੋਗੋਂ ਕੇ ਭੀ ਬਸ ਕੇ ਬਾਹਰ ਕੀ ਬਾਤ ਹੈ। ਇਸ ਸੰਗੀਤ ਸੰਮੇਲਨ ਤੇ ਪ੍ਰਸਿੱਧ ਬੰਸਰੀ ਵਾਦਕ ਪੰਡਿਤ ਹਰੀ ਪ੍ਰਸਾਦ ਚੁਰਸੀਆ ਜੀ ਸਤਿਗੁਰੂ ਜੀ ਦੇ ਸਨਮੁੱਖ ਆ ਕੇ ਕਹਿਣ ਲੱਗੇ ਕਿ " ਕਭੀ ਹਮਾਰੇ ਗਰੀਬ ਖਾਨੇ ਬੰਬਈ ਭੀ ਤਸ਼ਰੀਫ਼ ਲਾਏਂ ਜਾਂ ਕ੍ਰਿਪਾ ਹਮੇਂ ਵਕਤ ਦੀਜੀਏਗਾ ਆਪਸੇ ਆਧੀ, ਪੌਣੀ ਸਵਾਈ ਮਾਤਰਾ ਕਾ ਗਿਆਨ ਹਮ ਭੀ ਹਾਸਲ ਕਰ ਲੇਂ ।"

ਸ੍ਰੀ ਸਤਿਗੁਰੂ ਜੀ ਨੇ ਗਾਇਨ ਵਿਚ ਖੰਡ ਮਾਤਰਾਵਾਂ ਦੀਆਂ ਰੀਤਾਂ ਤਿਆਰ ਕਰਕੇ ਨਾਲ ਹੀ ਇਹਨਾਂ ਲਈ ਉਪਯੁਕਤ ਨਵੇਂ ਤਾਲਾਂ ਦੀ ਸਿਰਜਨਾਂ ਕੀਤੀ ਇਨ੍ਹਾਂ ਵਿਕਟ ਮਾਤਰਾਵਾਂ ਵਾਲੇ ਤਾਲਾਂ ਵਿਚ ਪੌਣੇਂ ਅੱਠ, ਪੌਣੇ ਗਿਆਰਾਂ, ਸਵਾ ਚੌਦਾਂ, ਸਾਢੇ ਚੌਦਾਂ, ਪੌਣੇ ਪੰਦਰਾਂ ਅਤੇ ਇਸ ਤੋਂ ਵੀ ਕਠਿਨ ਤੇਰਾਂ ਸਹੀ ਸੱਤ ਬਟਾ ਅੱਠ (13-7/8) ਵਿਚ ਇਕ ਰੀਤ ਦੀ ਸਿਰਜਨਾਂ ਕੀਤੀ। ਸੰਗੀਤ ਵਿੱਚ ਨਵ-ਸਿਰਜਣਾ ਨੂੰ ਉਸਤਾਦ ਹਰਨਾਮ ਸਿੰਘ ਜੀ ਨਾਇਕੀ ਕਿਹਾ ਕਰਦੇ ਸਨ ।ਜੋ ਆਪ ਦੀ ਹਜ਼ੂਰੀ ਵਿੱਚ ਹਮੇਸ਼ਾਂ ਹਾਜ਼ਰ ਰਹਿੰਦੀ ਹੈ ।

ਇੱਕ ਸੰਗੀਤ ਸਭਾ ਵਿੱਚ ਪੌਣੇ ਪੰਦਰਾਂ ਮਾਤਰਾਂ ਦੀ ਪਖਾਵਜ ਦਾ ਕਮਾਲ ਤੱਕ ਕੇ, ਪ੍ਰਸਿੱਧ ਸਾਰੰਗੀ ਉਸਤਾਦ ਪੰਡਿਤ ਰਾਮ ਨਰਾਇਣ ਜੀ ਬੋਲੇ, " ਸਵਾ ਚੌਦਾਂ, ਸਾਢੇ ਚੌਦਾਂ ਬੜੀ ਮੁਸ਼ਕਿਲ ਬਾਤ ਹੈ ਏਕ ਮਾਤਰ ਕੇ ਚੌਥਾਈ ਭਾਗ ਕੋ ਛੋਡ ਕਰ ਸਮ ਪਰ ਆਨਾ ਕਿਤਨਾ ਦੁਰਗਮ ! ਪ੍ਰਤੂੰ ਸਿਖਾ ਦੀਆ ਆਪ ਨੇ ਬੱਚੋ ਕੋ।"

ਕਲਕੱਤੇ ਇੱਕ ਵੱਡੇ ਸੰਗੀਤ ਪ੍ਰੋਗਾਮ ਵਿੱਚ ਸਰੋਦ ਸਮਰਾਟ ਉਸਤਾਦ ਅਮਜਦ ਅਲੀ ਜੀ ਨੇ ਸਵਾ ਚੌਦਾਂ ਮਾਤਰਾਂ ਵਿੱਚ ਪੇਸ਼ਕਾਰੀ ਕਰਨ ਲੱਗਿਆਂ ਸਰੋਤਿਆਂ ਨੂੰ ਮੁਖਾਤਬ ਹੁੰਦਿਆਂ ਸੰਬੋਧਿਤ ਕੀਤਾ "ਇਸ ਖੰਡ ਮਾਤਰਾ ਕਾ ਮਾਰਗ ਦਰਸ਼ਨ ਮੈਨੇ ਸਤਿਗੁਰੂ ਜਗਜੀਤ ਸਿੰਘ ਜੀ ਸੇ ਲੀਆ ਹੈ ।"

ਇਸ ਤੋਂ ਇਲਾਵਾ ਆਪ ਜੀ ਪਾਸ ਇੱਕ ਦਸਤੀ ਗੁਣ ਦਿਲਰੁਬਾ ਦਾ ਬਿਨਾ ਗਜ ਤੋ ਵਜਾਉਣਾ ਹੈ ।ਗਜ ਨੂੰ ਤਾਰਾਂ ਤੇ ਫੇਰ ਖੱਬੇ ਹੱਥ ਦੀਆਂ ਉਂਗਲਾਂ ਨਾਲ ਡਾਟੀਂ ਤੇ ਸੁਰ ਪੈਦਾ ਕਰ ਲੈਣੇ ਤਾਂ ਸਾਰੇ ਵਜੰਤਰੀ ਜਾਣਦੇ ਹਨ, ਪਰ ਹੱਥਾਂ ਦੇ ਨਹੁੰਆਂ ਨਾਲ ਦਿਲਰੁਬਾ ਦੀਆਂ ਤਰਬਾਂ ਸਤਿਗੁਰੂ ਜੀ ਇਸ ਕਲਾ ਕੁਸ਼ਲਤਾ ਨਾਲ ਛੇੜਦੇ ਹਨ ਕਿ ਜਲਤਰੰਗ ਜਾਂ ਅੱਜ ਦੇ ਸੰਤੂਰ ਦੀਆਂ ਸੁਰਾਂ ਸੰਕ੍ਰਿਤ ਹੋ ਉਠਦੀਆਂ ਹਨ ।ਮੱਧ, ਵਿਲੰਭਤ ਅਤੇ ਦਰੁੱਤ ਲੈਅ ਵਿੱਚ ਸ਼ਾਸ਼ਤਰੀ ਵਾਦਨ ਦੀਆਂ ਸਾਰੀਆਂ ਖੂਬੀਆਂ ਪੇਸ਼ ਕਰ ਦਿੰਦੇ ਹਨ ।

ਪ੍ਰਸਿੱਧ ਪੁਰਾਤਨ ਕੀਰਤਨੀਏ ਭਾਈ ਸਾਹਿਬ ਭਾਈ ਜਵਾਲਾ ਸਿੰਘ ਜੀ ਦੇ ਸਪੁੱਤਰ ਭਾਈ ਗੁਰਚਰਨ ਸਿੰਘ ਕੰਵਲ ਆਪਣੀ ਪੁਸਤਕ ਕੀਰਤਨ ਨਿਰਮੋਲਕ ਹੀਰਾ ਅਤੇ ਸੰਗੀਤ ਕਲਾ ਵਿੱਚ ਲਿਖਦੇ ਹਨ , " ਇੱਕੋ ਇੱਕ ਨਾਮਧਾਰੀ ਸੰਪਰਦਾਇ ਹੀ ਹੈ ਜਿੱਥੇ ਗੁਰਮਤਿ ਟਕਸਾਲੀ ਕੀਰਤਨ ਦਿਲਰੁਬਾ ਆਦਿਕ ਤੰਤੀ ਸਾਜਾਂ ਨਾਲ ਕੀਤਾ ਜਾਂਦਾਂ ਹੈ ।ਹਰਮੋਨੀਅਮ ਬਿਲਕੁਲ ਨਹੀ ਵੇਖਿਆ, ਅੱਠਾਂ ਦਸਾਂ ਦਿਲਰੁਬਾਵਾਂ ਵਿਚੋਂ ਜਿਸ ਦਿਲਰੁਬਾ ਦੀ ਕੋਈ ਤਰਬ ਬੇਸੁਰੀ ਹੋ ਜਾਂਦੀ ਤਾਂ ਸਤਿਗੁਰੂ ਜੀ ਉਸੇ ਵੇਲੇ ਕੀਰਤਨ ਸਰਵਣ ਕਰਦੇ ਕਰਦੇ ਇਸ਼ਾਰਾ ਕਰਕੇ ਉਸ ਦਿਲਰੁਬਾ ਦੀ ਉਹੋ ਬੇਸੁਰੀ ਹੋ ਚੁੱਕੀ ਸੁਰ ਨੂੰ ਸੁਰ ਵਿੱਚ ਕਰਨ ਦੀ ਪ੍ਰੇਰਨਾ ਕਰ ਦਿੰਦੇ ।ਇਹ ਕੁਝ ਦਰਸ਼ਨ ਕਰਕੇ ਮੈਂ ਤਾਂ ਰੋਮ ਰੋਮ ਤੋ ਬਲਿਹਾਰ ਜਾਂਦਾ ਰਿਹਾ ਸੀ ।ਮੈਂ ਇਸ ਤਰਾਂ ਦਾ ਸਵਰ ਬੋਧ ਵੱਡੇ ਵੱਡੇ ਗਵੱਈਆਂ ਵਿੱਚ ਵੀ ਨਹੀਂ ਦੇਖਿਆ। ਨਾਮਧਾਰੀ ਸੰਪਰਦਾਇ ਦੇ ਇਨਾਂ ਰਾਗੀਆਂ ਨੂੰ ਇਹ ਵੀ ਸਿਖਲਾਈ ਦਿੱਤੀ ਜਾਂਦੀ ਹੈ ਕਿ ਸਰੋਤਿਆਂ ਦੀ ਰੁਚੀ ਨੂੰ ਅਮੀਰ ਕਿਵੇ ਬਣਾਉਣਾ ਹੈ। ਕੁਝ ਸਾਲ ਪਹਿਲੋਂ ਮੈਨੂੰ ਸ੍ਰੀ ਭੈਣੀ ਸਾਹਿਬ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੋਇਆ। ਪਹਿਲੋਂ ਵੀ ਇਹ ਸਰੋਤ ਮੇਰੇ ਕੰਨੀ ਪੈਂਦੀ ਰਹੀ ਸੀ ਫਿਰ ਪ੍ਰਤੱਖ ਦਰਸ਼ਨ ਕਰ ਲਏ। ਇੰਝ ਜਾਪਿਆ ਕਿ ਭਗਵਾਨ ਰੂਪ ਪ੍ਰਭੂ ਨੇ ਸਤਿਗੁਰੂ ਜਗਜੀਤ ਸਿੰਘ ਨੂੰ ਧੁਰੋਂ ਦਰਗਾਹੋਂ ਹੀ ਸੰਗੀਤ ਕਲਾ ਦੀ ਮਹਾਨ ਬਖ਼ਸ਼ਿਸ਼ ਨਾਲ ਨਿਵਾਜ ਕੇ ਸੰਸਾਰ ਵਿੱਚ ਭੇਜਿਆ ਹੈ। ਵੱਡੇ ਵੱਡੇ ਤਾਲਾਂ ਦੀਆਂ ਪੁਰਾਤਨ ਬੰਦਿਸ਼ਾਂ ਬਿਨਾਂ ਕਿਸੇ ਸਾਜ ਦੀ ਸਹਾਇਤਾ ਦੇ, ਪੌਣੀਆਂ ਮਾਤਰਾਂ, ਸਵਾਈਆਂ ਮਾਤਰਾਂ ਅਤੇ ਡੇਢੀਆਂ ਮਾਤਰਾਂ

Concept : Ajit Singh Lyall, Harpal Singh Sewak Computer Design : Banta Singh
Publishers : Vishaw Namdhari Sangat

Namdhari Elibrary NamdhariElibrary@gmail.com

ਵਿੱਚ ਗੀਤਾਂ ਨੂੰ ਉਹਨਾਂ ਦੇ ਗਲੇ ਤੋਂ ਸੁਰੀਲੀਆਂ ਸੁਰਾਂ ਵਿੱਚ ਸੁਣਿਆ ।

ਪ੍ਰਸਿੱਧ ਸ਼ਹਿਨਾਈ ਵਾਦਕ ਉਸਤਾਦ ਬਿਸਮਿੱਲਾ ਖਾਂ ਸਾਹਿਬ ਇੱਕ ਵਾਰ ਜਰਮਨ ਦੇ ਦੌਰੇ ਤੇ ਗਏ ਇੱਕ ਇੰਟਰਵਿਊ ਦੌਰਾਨ ਸਤਿਗੁਰੂ ਜੀ ਬਾਰੇ ਉਸਤਾਦ ਬਿਸਮਿੱਲਾ ਖਾਂ ਸਾਹਿਬ ਦੇ ਲਫ਼ਜ਼ ਸਨ , " ਵੋਹ ਤੋ ਸੰਗੀਤ ਕੇ ਸਾਗਰ ਹੈਂ ।"

ਪ੍ਰਸਿੱਧ ਸਿਤਾਰ ਵਾਦਕ ਉਸਤਾਦ ਵਲਾਇਤ ਖਾਂ ਸਾਹਿਬ ਅਸਵਸਥ ਹਾਲਤ ਵਿੱਚ ਅਮਰੀਕਾ ਰਹਿ ਰਹੇ ਸਨ ਸਤਿਗੁਰੂ ਜੀ ਆਪਣੇ ਦੌਰੇ ਦੌਰਾਨ ਖਾਂ ਸਾਹਿਬ ਨੂੰ ਵੀ ਨਿਵਾਜਨ ਗਏ। ਦੇਰ ਤੋਂ ਅਛੋਹ ਪਈ ਸਿਤਾਰ ਨੂੰ ਚੁੱਕਦਿਆਂ ਖਾਂ ਸਾਹਿਬ ਨੇ ਆਖਿਆ " ਯਹ ਸਰ ਯਾ ਖੁਦਾ ਕੇ ਆਗੇ ਝੁਕ ਸਕਤਾ ਹੈ ਯਾ ਆਪਕੇ ਆਗੇ। ਆਪਕੇ ਆਗੇ ਬਜਾਣਾ ਖੁਦਾ ਕੇ ਆਗੇ ਬਜਾਣਾ ਹੈ ।"

ਯੂ.ਕੇ. ਦੇ ਦੌਰੇ ਦੌਰਾਨ ਉਸਤਾਦ ਇਮਰਤ ਖਾਂ ਸਾਹਿਬ ਨੇ ਸਤਿਗੁਰੂ ਜੀ ਨੂੰ ਆਪ ਘਰ ਜਾਣ ਦਾ ਅਗ੍ਰਹਿ ਕੀਤਾ । ਆਪਣੇ ਬੇਟੇ ਨੂੰ ਪਾਤਸ਼ਾਹ ਜੀ ਅੱਗੇ ਹਾਜ਼ਰੀ ਲਗਵਾਉਣ ਲਈ ਆਖਦਿਆਂ ਕਿਹਾ , " ਆਪ ਕੇ ਆਗੇ ਗਾਨਾ ਕਰੋੜ ਸੰਗੀਤ ਅਚਾਰੀਆ ਕੇ ਆਗੇ ਗਾਨੇ ਕੇ ਬਰਾਬਰ ਹੈ ।"

ਅੱਜ ਸੰਗੀਤ ਦੀ ਸਿਖਿਆ ਪ੍ਰਾਪਤ ਨਾਮਧਾਰੀ ਸੰਗੀਤਕਾਰ ਇੰਗਲੈਂਡ ਅਮਰੀਕਾ, ਕੈਨੇਡਾ, ਜਰਮਨ, ਅਫ਼ਰੀਕਾ, ਥਾਈਲੈਂਡ ਅਤੇ ਹੋਰ ਵਿਭਿੰਨ ਦੇਸ਼ਾਂ ਵਿੱਚ ਇਸ ਭਾਰਤੀ ਸੰਗੀਤ ਪ੍ਰੰਪਰਾ ਦਾ ਪਚਾਰ ਪਸਾਰ ਕਰ ਰਹੇ ਹਨ ।

ਪ੍ਰਸਿੱਧ ਗਾਇਕ ਉਸਤਾਦ ਸਿੰਘ ਬੰਧੂਆਂ ਦਾ ਕਥਨ ਹੈ , " ਸਤਿਗੁਰੂ ਜਗਜੀਤ ਸਿੰਘ ਜੀ ਨੇ ਦੁਨੀਆਂ ਵਿੱਚ ਹਰ ਜਗਾ ਸੰਗੀਤ ਦੀ ਪਲਾਂਟੇਸ਼ਨ ਲਗਾ ਦਿੱਤੀ ਹੈ । ਜਿਥੇ ਵੀ ਜਾਈਦਾ ਹੈ ਸੰਗੀਤ ਵਿੱਚ ਹਰ ਤਰਾਂ ਦੇ ਸਾਥ ਲਈ ਸਤਿਗੁਰੂ ਜੀ ਦੇ ਸਿਖਾਏ ਹੋਏ ਨੌਜਵਾਨ ਕਲਾਕਾਰ ਕਮਾਲ ਦਾ ਸਾਥ ਦਿੰਦੇ ਹਨ ।

****

Namdhari Elibrary NamdhariElibrary@gmail.com



"ਦਿਲਰੁਬਾ ਤੇ ਤਰਬ-ਵਾਦਨ"

ਡੇਹਰਾਦੂਨ, ਸ੍ਰੀ ਸਤਿਗੁਰੂ ਜੀ ਦੇ ਖੱਬੇ ਉਸਤਾਦ ਵਿਲਾਇਤ ਖਾਂ ਅਤੇ ਸੱਜੇ ਪੰਡਿਤ ਰਾਜਨ ਜੀ 1985 ਈ:





ਹੋਲਾ-ਮਹੱਲਾ, ਦਿੱਲੀ 1985ਈ:

ਕੀਰਤਨ (ਹਰੀ ਮੰਦਰ), ਸ੍ਰੀ ਭੈਣੀ ਸਾਹਿਬ

ਸੰਗੀਤ ਸੰਮੇਲਨ, ਔਰੰਗਾਬਾਦ 1980ਈ:

Namdhari Elibrary NamdhariElibrary@gmail.com